# ਸੋ ਥਾਇ ਪਏ ਜੋ ਸਾਹਿਬ ਲੋੜੇ

## ਪਉੜੀ ॥

## ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥

ਇਹ, ਗਉੜੀ ਕੀ ਵਾਰ ਮਹਲਾ ੪ ਦੀ ੧੧ਵੀਂ ਪਉੜੀ ਹੈ, ਜੋ, ਪੰਨਾ ੩੦੬ ਤੇ, ਸੁਭਾਇਮਾਨ ਹੈ । ਇਸ ਸ਼ਬਦ ਵਿਚ, ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਉਨ੍ਹਾਂ ਭਗਤ ਜਨਾਂ ਦੀ ਸਿਫ਼ਤ ਕੀਤੀ ਹੈ ਜੋ ਪ੍ਰਭੂ ਨੂੰ, ਇਕ ਮਨ, ਇਕ ਚਿਤ ਧਿਆਉਂਦੇ ਹਨ। ਵੈਸੇ ਤਾਂ, ਉਸ ਨੂੰ ਅਰਾਧਣ ਵਾਲੇ ਅਸੰਖ ਹਨ, ਪਰ ਉਨ੍ਹਾਂ ਵਿਚੋਂ ਇਕ ਮਨ ਇਕ ਚਿਤ ਧਿਆਉਣ ਵਾਲੇ ਕੁਝ ਵਿਰਲੇ, ਥੋੜੇ ਹੀ ਹੁੰਦੇ ਹਨ। ਫ਼ਿਰ, ਕਿਸੇ ਵਿਰਲੇ ਦੀ ਭਗਤੀ ਕਬੂਲ ਹੁੰਦੀ ਹੈ। ਕਿਸ ਦੀ ਭਗਤੀ ਕਬੂਲ ਹੋਣੀ ਹੈ, ਇਸ ਦਾ ਕੋਈ ਵੀ ਮਾਪਦੰਡ ਜਾਂ criteria ਨਹੀਂ ਹੈ, ਸਿਵਾਏ ਇਸ ਦੇ, ਕਿ ਜੋ ਗੁਰੂ ਨੂੰ ਭਾਅ ਗਏ ਹੋਣ। ਗੁਰੂ ਦੇ ਫ਼ੈਸਲੇ ਤੇ, ਕਿਸੇ ਕਿੰਤੂ ਪਰੰਤੂ ਦੀ ਗੁੰਜਾਇਸ਼ ਬਿਲਕੁਲ ਵੀ ਨਹੀਂ। ਇਹ ਤਾਂ ਸਿਰਫ਼, ਗੁਰੂ ਦੇ ਤੁਠ ਪੈਣ ਤੇ ਹੀ ਨਿਰਧਾਰਤ ਹੈ।

-- ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਬਹੁਤ ਵਿਰਲੇ ਹਨ ਉਹ ਮਨੁਖ, ਜੋ ਤੈਨੂੰ, ਸਚ ਨੂੰ ਸਚਮੁਚ, ਭਾਵ, ਨਿਰ-ਸੰਕਲਪ ਅਰਾਧਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੨੧ ਤੇ, ਫ਼ੁਰਮਾਣ ਕੀਤਾ ਹੈ ਕਿ ਜੋ ਇਕ ਛਿੰਨ, ਪਲ ਲਈ ਵੀ ਪ੍ਰਭੂ ਦਾ ਨਾਮ ਨਹੀਂ ਵਿਸਾਰਦੇ, ਅਜਿਹੇ ਜਨ, ਇਸ ਸੰਸਾਰ ਵਿਚ, ਬਹੁਤ ਵਿਰਲੇ ਹਨ - 'ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ॥' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਹੀ ਸਚ ਸਪੱਸ਼ਟ ਕੀਤਾ ਹੈ - 'ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥', ਪੰਨਾ ੧੪੨੭.

## ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥

-- ਜੋ ਇਕ ਮਨ ਇਕ ਚਿਤ ਹੋ ਕੇ ਵਾਹਗੁਰੂ ਦਾ ਸਿਮਰਣ ਕਰ ਲੈਂਦੇ ਹਨ, ਉਨ੍ਹਾਂ ਦੀ ਕਮਾਈ ਦੀ ਬਰਕਤ ਸਦਕਾ ਹੀ, ਅਸੰਖਾਂ, ਕਰੋੜਾਂ ਨੂੰ ਰਿਜ਼ਕ ਪ੍ਰਾਪਤ ਹੁੰਦਾ ਹੈ। ਜੋ ਹਰ ਮਨੁਖ, ਆਹਾਰ ਖਾ ਰਿਹਾ ਹੈ, ਉਹ ਇਹ ਨਾ ਹੰਕਾਰ ਕਰੀ ਜਾਵੇ ਕਿ ਉਹ ਸਿਰਫ਼ ਆਪਣੀ ਕਾਬਲੀਅਤ, ਮਿਹਨਤ ਸਦਕਾ ਹੀ ਖਾ ਰਿਹਾ ਹੈ। ਅਸਲੀਅਤ ਤਾਂ ਇਹ ਹੈ ਕਿ ਇਹ ਸੰਸਾਰ, ਭਗਤ ਜਨਾਂ ਦੀ ਕਮਾਈ ਦੇ ਆਸਰੇ ਹੀ ਟਿਕਿਆ ਹੋਇਆ ਹੈ ਅਤੇ ਉਨ੍ਹਾਂ ਦੀ ਕੀਤੀ ਹੋਈ

ਕਮਾਈ ਸਦਕਾ ਹੀ ਟਿਕਿਆ ਹੋਇਆ ਹੈ ਤੇ ਰਿਜ਼ਕ ਪ੍ਰਾਪਤ ਕਰ ਰਿਹਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ੬੪੭ ਪੰਨੇ ਤੇ, ਪੰਡਤ ਨੂੰ ਸੰਬੋਧਨ ਕਰਦਿਆਂ, ਫ਼ੁਰਮਾਣ ਹੈ ਕਿ ਜੋ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ ਉਨ੍ਹਾਂ ਦੀ ਕਮਾਈ ਦੀ ਬਰਕਤ ਨਾਲ ਸਾਰਾ ਸੰਸਾਰ ਖਾਂਦਾ ਹੈ - 'ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ।।' ਮਨੁਖ ਇਹ ਸਮਝਦਾ ਹੈ ਕਿ ਉਹ ਆਪਣੀ ਕਮਾਈ ਖਾ ਰਿਹਾ ਹੈ ਪਰ ਉਸ ਨੂੰ ਇਹ ਅਹਿਸਾਸ ਹੀ ਨਹੀਂ ਕਿ ਇਹ ਤਾਂ ਸੰਤਾਂ, ਭਗਤਾਂ, ਮਹਾਂਪੁਰਖਾਂ ਦੀ ਕਮਾਈ ਦੀ ਬਰਕਤ ਅਤੇ ਕਿਰਪਾ ਸਦਕਾ ਹੀ ਰੋਜ਼ਗਾਰ ਮਿਲਦਾ ਹੈ ਅਤੇ ਅੰਨ ਦਾ ਦਾਣਾ ਨਸੀਬ ਹੁੰਦਾ ਹੈ। ਸੰਤ ਜਨ ਹੀ ਦਾਤੇ ਹਨ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ - 'ਸੰਤਨ ਬਿਨੁ ਅਵਰੁ ਨ ਦਾਤਾ ਬੀਆ।।', ਪੰਨਾ ੬੧੦.

**ਤੁਧੁ ਨੋ ਸਭਿ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ।।**

-- ਅਗੋਂ ਹੋਰ, ਹੇ ਵਾਹਿਗੁਰੂ ! ਸਾਰੀ ਭਗਤਾਂ ਦੀ ਦੁਨੀਆਂ ਤੈਨੂੰ ਧਿਆਉਂਦੀ ਹੈ, ਪਰ ਕਬੂਲ ਉਹ ਹੁੰਦੇ ਹਨ ਜੋ ਤੈਨੂੰ ਲੋੜੀਂਦੇ ਹਨ ਚਾਹੀਦੇ ਹਨ, ਭਾਉਂਦੇ ਹਨ, ਜਿਨ੍ਹਾਂ ਨੂੰ ਤੂੰ ਪਸੰਦ ਕਰਦਾ ਹੈ, ਚੁਣ ਕੇ ਵਖ ਕਰ ਲੈਂਦਾ ਹੈਂ।

ਇਸ ਪੰਕਤੀ ਵਿਚ ਬਹੁਤ ਵਡਾ ਰਹੱਸ ਛੁਪਿਆ ਹੋਇਆ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੭੩੫ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਜਨ, ਹੇ ਪ੍ਰਭੂ ! ਤੈਨੂੰ ਭਾਉਂਦੇ ਹਨ, ਤੂੰ ਉਨ੍ਹਾਂ ਦੀ ਹੀ ਭਗਤੀ ਥਾਂ ਪਾ ਕੇ, ਭਾਵ, ਕਬੂਲ ਕਰ ਕੇ, ਆਪਣੇ ਨਾਲ ਮੇਲ ਲੈਂਦਾ ਹੈਂ - 'ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ ਜਨ ਨਾਨਕ ਸੋ ਥਾਇ ਪਾਏ।।' ਅਤੇ ੧੨੦੧ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸੰਤਾਂ ਵਿਚੋਂ ਉਹ ਸੰਤ ਹੀ ਭਲੇ ਤੇ ਉਤਮ ਹਨ , ਉਹੀ ਭਗਤ ਭਲੇ ਹਨ, ਜੋ ਉਸ ਰਾਮ, ਮੁਰਾਰੀ ਨੂੰ ਭਾਅ ਜਾਂਦੇ ਹਨ। ਉਨ੍ਹਾਂ ਦੀ ਹੀ ਸੇਵਾ ਉਹ ਬਨਵਾਰੀ, ਥਾਂ ਪਾਉਂਦਾ ਹੈ - 'ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ।। ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ ਭਾਵਤ ਹਰਿ ਰਾਮ ਮੁਰਾਰੀ।।'

ਪੰਨਾ ੭੩ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਗੁਰੂ ਨੇ ਸਿਖੀ ਨੂੰ ਸਚ, ਧਰਮ ਕਮਾਉਣ ਦੀ ਸਾਲ (ਘਰ) ਕਰਕੇ, ਥਾਪਿਆ ਹੈ, ਪਰ ਇਸ 'ਸਾਲ' ਵਿਚ ਪ੍ਰਵੇਸ (entry), ਗੁਰੂ, ਅਤਿਅੰਤ ਭਾਲ ਕੇ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਭਾਵ, ਸਿਖੀ ਦੁਰਲੱਭ ਹੈ, ਬਹੁਤ ਉਤਮ ਭਾਗਾਂ, ਗੁਰੂ ਦੀ ਬਖਸ਼ਿਸ਼ ਸਦਕਾ ਹੀ ਪ੍ਰਾਪਤ ਹੁੰਦੀ ਹੈ - 'ਮੈ ਬਧੀ ਸਚੁ ਧਰਮ ਸਾਲ ਹੈ।। ਗੁਰਸਿਖਾ ਲਹਦਾ

ਭਾਲਿ ਕੈ।।' ਪਾਤਸ਼ਾਹ ਦੀ ਇਹ ਗਲ ਬਹੁਤ ਡੂੰਘੀ ਤੇ ਰਹੱਸਮਈ ਹੈ। ਪਰਵਾਨਤ ਭਗਤਾਂ ਦੀ ਸੰਗਤ ਦੇ ਮਧਾਣੇ ਨਾਲ ਰਿੜਕਿਆਂ ਹੀ ਇਸ ਦਾ ਭਾਵ ਸਮਝ ਆ ਸਕਦਾ ਹੈ।

ਕਿਉਂਕਿ ਅਸਲ ਸੇਵਕ ਤਾਂ ਕੋਈ ਵਿਰਲਾ ਹੀ ਹੁੰਦਾ ਹੈ, ਬਾਕੀ ਤਾਂ ਲੈਣ-ਦੇਣ, ਵਪਾਰ ਕਰਣ ਵਾਲੇ ਹੀ ਹੁੰਦੇ ਹਨ ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ੪੯੫ ਪੰਨੇ ਤੇ ਫ਼ੁਰਮਾਣ ਕਰਦੇ ਹਨ - 'ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰ ਸਗਲੇ ਬਿਉਹਾਰੀ।।' ਇਕ ਹੋਰ ਵਡਾ ਕਾਰਣ ਇਹ ਹੈ ਕਿ ਗੁਰੂ ਤਾਂ ਅਗੱਮ, ਅਗਾਧ ਪੁਰਖ ਹੁੰਦਾ ਹੈ, ਕੋਈ ਆਮ ਮਨੁਖ, ਜਿਸਦੀ ਜਿਤਨੀ ਮਰਜ਼ੀ ਪਈ ਕਮਾਈ ਹੋਵੇ ਪਰ ਜਦੋਂ ਤਕ ਉਸ ਤੇ ਵਿਸ਼ੇਸ਼ ਕਿਰਪਾ ਨਹੀਂ ਹੋਈ, ਉਹ ਮਨੁਖ, ਗੁਰੂ ਦੀ ਝਾਲ ਝਲਣ ਜੋਗਾ ਨਹੀਂ ਹੁੰਦਾ - 'ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।।', ਵਾਰਾਂ ਭਾਈ ਗੁਰਦਾਸ ੧:੩੧. ਇਕ ਵੇਰ, ਸ੍ਰੀ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਦਸਿਆ ਸੀ ਕਿ 'ਅਸੀਂ ਦੁਨੀਆਂ ਤੇ ਅਨੇਕਾਂ ਵੇਰ ਆ ਚੁਕੇ ਹਾਂ ਅਤੇ ਫ਼ਿਰ ਵੀ ਸਦਾ ਆਉਂਦੇ ਹੀ ਰਹਾਂਗੇ। ਹਰ ਵਾਰ ਅਸੀਂ ਇਕੱਲੇ ਨਹੀਂ ਆਉਂਦੇ ਸਗੋਂ ਆਪਣੀ ਟੀਮ ਨੂੰ ਨਾਲ ਲੈ ਕੇ ਆਉਂਦੇ ਹਾਂ', ਤਾਂ ਉਸਨੇ ਮਹਾਰਾਜ ਤੋਂ ਪੁਛਿਆ ਸੀ ਕਿ ਹਰ ਵਾਰ ਤੁਹਾਡੀ ਟੀਮ ਦੇ ਮੈਂਬਰ ਉਹੀ ਹੁੰਦੇ ਹਨ ਜਾਂ ਨਵੇਂ। ਸ੍ਰੀ ਨਾਰਾਇਣ ਜੀ ਨੇ ਦਸਿਆ ਕਿ 'ਨਵੇਂ, ਮਹਾਤਮਾ ਦੀ ਝਾਲ ਨਹੀਂ ਝਲ ਸਕਦੇ ਇਸੇ ਕਰਕੇ ਉਹੀ ਪੁਰਾਣੇ ਮੈਂਬਰ ਹੀ ਹੁੰਦੇ ਹਨ।' ਇਸ ਵਰਤਾਰੇ ਬਾਰੇ ਭਗਤ ਕਬੀਰ ਜੀ ਨੇ ਇਸ਼ਾਰਾ ਦਿਤਾ ਹੈ ਕਿ ਰਣ ਦੇ ਮੈਦਾਨ ਵਿਚ ਦਾਗ਼ੇ ਹੋਏ ਘੋੜੇ ਹੀ ਟਿਕ ਸਕਦੇ ਹਨ, ਨਵੇਂ ਘੋੜੇ ਬਿਦਕ ਜਾਂਦੇ ਹਨ - 'ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ।।', ਪੰਨਾ ੯੭੦. ਗੁਰੂ ਦੀ ਮਤ ਅਨੁਸਾਰ ਚਲਣ ਵਾਲੇ ਵਿਰਲੇ ਹੀ ਹੁੰਦੇ ਹਨ - '..ਕੋ ਵਿਰਲਾ ਗੁਰਮਤਿ ਚਲੈ ਜੀਉ।।', ਪੰਨਾ ੯੪. ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹਰੀ ਪ੍ਰਭੂ, ਨਾਮ ਰੂਪੀ ਭੋਜਨ ਬਖ਼ਸ਼ਦਾ ਹੈ ਪਰ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਲੈਂਦਾ ਹੈ, ਜਿਸ ਤੇ ਪ੍ਰਭੂ ਆਪਣੀ ਕਿਰਪਾ ਕਰ ਦਿੰਦਾ ਹੈ - 'ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ।। ਕੋਟਿ ਮਧੇ ਕੋਈ ਵਿਰਲਾ ਲੇਇ।। ਜਿਸ ਨੋ ਅਪਣੀ ਨਦਰਿ ਕਰੇਇ।।', ਪੰਨਾ ੧੩੩੫.

**ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।।**

-- ਇਸ ਤੋਂ ਉਲਟ, ਜੋ ਬਿਨਾਂ ਗੁਰੂ ਦੀ ਅਰਾਧਨਾ ਦੇ, ਜੀਵਨ ਵਿਚ ਖਾਂਦੇ, ਪਹਿਨਦੇ ਹਨ ਉਹ ਤਾਂ ਜਿਉਂਦੇ ਹੀ ਮੋਇਆਂ ਵਰਗੇ ਹਨ ਤੇ ਮਰਨ ਤੋਂ ਬਾਅਦ ਤਾਂ ਕੋੜ੍ਹੀ ਹੋ ਕੇ ਹੀ ਜੰਮਣਗੇ।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦਾ ਨਾਮ ਵਿਸਾਰਣ ਨਾਲ ਮਨੁਖ ਨਾਲ ਐਸੇ ਦੋਖ ਲਗ ਜਾਂਦੇ ਹਨ ਕਿ ਜਮ, ਮਾਰ ਮਾਰ ਕੇ ਨਰਕ ਵਿਚ ਲੈ ਜਾਂਦਾ ਹੈ - 'ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ।।' ਪੰਨਾ ੧੦੧੪.

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੧੪੧੩, ਤੇ ਬਚਨ ਕਰਦੇ ਹਨ ਕਿ ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਵਿਸਾਰਿਆ ਹੋਇਆ ਹੈ, ਉਹ ਫ਼ਿਟਕਾਰਾਂ ਜੋਗ ਹੀ ਹਨ ਅਤੇ ਬਦੀਆਂ, ਕੋਹੜ ਤੇ ਹੰਕਾਰ ਆਦਿ ਸਾਰੇ ਦੋਖ ਪਾਪ, ਐਬ ਹੀ ਖਟਦੇ ਰਹਿੰਦੇ ਹਨ - 'ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।। ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।।'

**ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ।।**

-- ਅਜਿਹੇ ਲੋਕ, ਜੋ ਗੁਰੂ ਦੀ ਅਰਾਧਨਾ ਤੋਂ ਵਿਹੂਣੇ ਹਨ, ਜਗ-ਦਿਖਾਵੇ ਲਈ ਬਾਹਰੋਂ ਮਿਠਾ ਬੋਲਣ ਦਾ ਢੌਂਗ ਕਰਦੇ ਹਨ, ਤਾਂ ਕਿ ਜਗ ਉਨ੍ਹਾਂ ਨੂੰ ਨਿਮਰਤਾ ਵਾਲੇ ਤੇ ਗੁਣਾਂ ਦੇ ਭਰਪੂਰ ਸਮਝੇ। ਪਰ ਉਨ੍ਹਾਂ ਦੇ ਅੰਦਰ ਦੇ ਕੰਮ, ਵਿਕਾਰਾਂ ਦੇ ਜ਼ਹਰ ਭਰੇ ਹੀ ਹੁੰਦੇ ਹਨ, ਜੋ ਨਿਸਚਿਤ ਹੀ, ਜ਼ਾਹਰ ਹੋ ਹੀ ਜਾਂਦੇ ਹਨ। ਜ਼ਹਰ ਦਾ ਅਸਰ ਕਦੇ ਲੁਕਿਆ ਨਹੀਂ ਰਹਿ ਸਕਦਾ।

**ਮਨਿ ਖੋਟੇ ਦਯਿ ਵਿਛੋੜੇ।।**

-- ਪਾਤਸ਼ਾਹ, ਅਖੀਰ ਤੇ ਫ਼ੁਰਮਾਣ ਕਰਦੇ ਹਨ ਕਿ ਇਹੋ ਜਿਹੀ ਖੋਟੀ ਮਤ ਵਾਲੇ, ਜੋ ਵਾਹਿਗੁਰੂ ਦੀ ਅਰਾਧਨਾ ਤੋਂ ਵਿਹੂਣੇ, ਭਖਸ਼ਣ ਕਰਨ ਵਾਲੇ ਅਤੇ ਵਿਖਾਵੇ ਦੀ ਚੰਗਿਆਈ ਰਖਣ ਵਾਲੇ ਨੂੰ ਪ੍ਰਭੂ ਆਪਣੇ ਤੋਂ ਵਿਛੋੜੀ ਰਖਦਾ ਹੈ, ਉਹ ਪ੍ਰਭੂ ਨੂੰ ਨਹੀਂ ਭਾਉਂਦੇ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੦੧ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਇਸ ਤਰ੍ਹਾਂ ਆਪਣੀ ਹੀ ਮਤ ਅਨੁਸਾਰ ਚਲਦਾ ਹੈ, ਉਹ ਸਦਾ ਪ੍ਰਭੂ ਤੋਂ ਵਿਛੜਿਆ ਰਹਿੰਦਾ ਹੈ ਅਤੇ ਥਾਂ ਥਾਂ ਚੋਟਾਂ ਖਾਂਦਾ ਹੈ - 'ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।'

ਇਹ ਸੰਸਾਰ, ਉਨ੍ਹਾਂ, ਵਿਰਲੇ ਥੋੜਿਆਂ ਦੇ ਆਸਰੇ ਹੀ ਚਲਦਾ ਹੈ, ਜੋ ਪ੍ਰਭੂ ਨੂੰ ਭਾਉਂਦੇ ਹਨ ਅਤੇ ਸਦਾ, ਉਸ ਸਚ ਨੂੰ ਧਿਆਉਂਦੇ ਹਨ, ਅਤੇ ਜਿਨ੍ਹਾਂ ਦੇ ਸਦਕਾ ਸਭ ਰਿਜ਼ਕ ਪਾਉਂਦੇ ਹਨ।